# 15 ਅਗਸਤ / ਸੁਤੰਤਰਤਾ ਦਿਵਸ

15 ਅਗਸਤ ਸਾਡਾ ਸੁਤੰਤਰਤਾ ਦਿਵਸ ਹੈ। 1947 ਨੂੰ ਇਸ ਦਿਨ ਅਸੀਂ ਚਿਰਾਂ ਤੋਂ ਗੁਆਚੀ ਸੁਤੰਤਰਤਾ ਦੇਵੀ ਦੇ ਦਰਸ਼ਨ ਕੀਤੇ ਸਨ । ਅੰਗਰੇਜ਼ ਭਾਰਤ ਨੂੰ ਸਦਾ ਲਈ ਛੱਡ ਕੇ ਚਲੇ ਗਏ ਅਤੇ ਲਾਲ ਕਿਲ੍ਹੇ ਦੀ ਦੀਵਾਰ ਤੇ ਕੌਮੀ ਝੰਡਾ ਲਹਿਰਾ ਉਠਿਆ ਸੀ । ਦੇਸ਼ ਵਿਚ ਉਸ ਦਿਨ ਬਹੁਤ ਖੁਸ਼ੀ ਮਨਾਈ ਗਈ । ਦੇਸ਼ ਦੇ ਨੇਤਾਵਾਂ , ਮਹਾਨ ਸ਼ਹੀਦਾਂ ਅਤੇ ਆਮ ਜਨਤਾ ਦਾ ਉਦੇਸ਼ ਪੂਰਾ ਹੋ ਗਿਆ । ਆਜ਼ਾਦੀ ਦੀ ਕੀਮਤ ਸਾਨੂੰ ਭਾਰੀ ਬਲੀਦਾਨ ਦੇ ਕੇ ਚੁਕਾਉਣੀ ਪਈ । ਭਾਰਤ ਦਾ ਬਟਵਾਰਾ ਹੋ ਗਿਆ । ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਅਤੇ ਹਜ਼ਾਰਾਂ ਲੱਖਾਂ ਲੋਕ ਘਰ ਬੇਘਰ ਹੋ ਗਏ | ਬਹੁਤ ਸਾਰੇ ਲੋਕ ਅਤੇ ਲੱਖਾਂ ਕਰੋੜਾਂ ਦੀ ਜਾਇਦਾਦ ਸੁਤੰਤਰਤਾ ਦੇਵੀ ਦੀ ਭੇਂਟ

ਚੜ੍ਹ ਗਏ।ਇੰਨਾ ਸਭ ਕੁਝ ਹੋਣ ਤੇ ਵੀ ਦੇਸ਼ ਦੇ ਲੋਕ ਸੁਤੰਤਰਤਾ ਪ੍ਰਾਪਤ ਕਰਨ ਤੋਂ ਖੁਸ਼ ਸਨ । ਉਹ ਦੇਸ਼ ਦੇ ਆਪ ਹੀ ਕਿਸਮਤ ਬਣਾਉਣ ਵਾਲੇ ਬਣ ਗਏ ਸਨ । ਭਾਰਤ ਸਦੀਆਂ ਤੋਂ ਗੁਲਾਮੀ ਦੀਆਂ ਸਖ਼ਤ ਜੰਜੀਰਾਂ ਵਿਚ ਜਕੜਿਆ ਰਿਹਾ । ਪਹਿਲਾਂ ਮੁਸਲਮਾਨਾਂ ਨੇ ਇਸ ਨੂੰ ਗੁਲਾਮ ਬਣਾਇਆ ਅਤੇ ਫਿਰ ਅੰਗਰੇਜ਼ਾਂ ਨੇ,ਇਹ ਭਾਰਤੀਆਂ ਦੇ ਲਈ ਨਾ ਸਹੀ ਜਾਣ ਵਾਲੀ ਗੱਲ ਸੀ । ਉਹਨਾਂ ਨੇ ਕਈ ਵਾਰੀ ਅੰਗਰੇਜ਼ਾਂ ਦਾ ਸ਼ਾਸਨ ਉਖਾੜਨ ਦੇ ਯਤਨ ਕੀਤੇ ਤੇ ਅੰਤ ਵਿਚ ਸਫਲ ਹੋ ਗਏ । ਦੇਸ਼ ਦੇ ਲੋਕਾਂ ਨੇ ਆਪਣੇ ਨੇਤਾਵਾਂ ਦੇ ਅਧੀਨ ਰਹਿ ਕੇ ਮਹਾਨ ਤੋਂ ਮਹਾਨ ਬਲੀਦਾਨ ਦਿੱਤੇ । ਸਭ ਤੋਂ ਪਹਿਲੀ ਵਾਰੀ 1857 ਵਿਚ ਅੰਗਰੇਜ਼ਾਂ ਦੇ ਵਿਰੁੱਧ ਜੰਗ ਹੋਈ। ਮੌਤ ਗੁਲਾਮੀ ਤੋਂ ਸੁੰਦਰ ਹੈ ਅਤੇ ਸੁਤੰਤਰਤਾ ਸਾਡਾ ਜਨਮ ਸਿੱਧ ਅਧਿਕਾਰ ਹੈ । ਇਨ੍ਹਾਂ ਅਮਰ ਸ਼ੰਦੇਸ਼ਾਂ ਨੇ ਜਨ - ਮਨ ਨੂੰ ਜਾਗ੍ਰਿਤ ਕਰ ਦਿੱਤਾ । ਲੋਕਾਂ ਨੇ

ਅੰਗਰੇਜ਼ਾਂ ਦੇ ਸ਼ਾਸਨ ਨੂੰ ਉਖਾੜ ਸੁੱਟਣ ਦਾ ਫੈਸਲਾ ਕਰ ਲਿਆ । ਸਰਕਾਰ ਨੇ ਦਮਨ - ਚੱਕਰ ਚਲਾਇਆ ਅਰਥਾਤ ਕੁਚਲਣ ਦੀ ਨੀਤੀ ਅਪਣਾਈ , ਪਰ ਭਲਾ ਕੀ ਦੇਸ਼ ਭਗਤ ਰੁਕਣ ਵਾਲੇ ਸਨ ? ਨਹੀਂ ਦੇਸ਼ ਵਿਚ ਕੌਮੀ ਚੇਤਨਾ ਪੈਦਾ ਹੋ ਗਈ । ਭਗਤ ਸਿੰਘ ਰਾਜਗੁਰੂ , ਸੁਖਦੇਵ , ਚੰਦਰਸ਼ੇਖਰ ਅਤੇ ਬਟੁਕੇਸ਼ਵਰ ਵਰਗੇ ਜਵਾਨ ਕ੍ਰਾਂਤੀਕਾਰੀਆਂ ਨੇ ਹਿੰਸਾ ਦਾ ਸਹਾਰਾ ਲੈ ਕੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੇ ਯਤਨ ਕੀਤੇ । ਸੁਭਾਸ਼ ਚੰਦਰ ਬੋਸ ਵਰਗੇ ਮਹਾਨ ਨੇਤਾਵਾਂ ਨੇ ਵਿਦੇਸ਼ਾਂ ਵਿਚ ਜਾ ਕੇ ਆਜ਼ਾਦ ਹਿੰਦ ਫੌਜ ਨੂੰ ਇਕੱਠਾ ਕਰਕੇ ਅੰਗਰੇਜਾਂ ਦਾ ਮੁਕਾਬਲਾ ਕੀਤਾ । ਮਹਾਤਮਾ ਗਾਂਧੀ , ਜਵਾਹਰ ਲਾਲ ਨਹਿਰੂ , ਰਜਿੰਦਰ ਪ੍ਰਸ਼ਾਦ , ਮੌਲਾਨਾ ਆਜ਼ਾਦ , ਸਰੋਜਨੀ ਨਾਇਡੂ , ਸਰਦਾਰ ਵੱਲਭ ਭਾਈ ਪਟੇਲ ਆਦਿ ਰਾਸ਼ਟਰੀ ਅੰਦੋਲਨਾਂ ਦੇ ਆਗੂ ਬਣੇ । ਇਹਨਾਂ

ਸਾਰਿਆਂ ਦੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਸਾਡਾ ਦੇਸ਼ ਆਜ਼ਾਦ ਹੋਇਆ । ਮੁਸਲਿਮ ਲੀਗ ਦੀ ਕੱਟੜ ਸੰਪਰਦਾਇਕਤਾ ਦੇ ਕਾਰਣ ਦੇਸ਼ ਦੇ ਨੇਤਾਵਾਂ ਨੂੰ ਭਾਰਤ ਦੀ ਵੰਡ ਸਵੀਕਾਰ ਕਰਨੀ ਪਈ । 15 ਅਗਸਤ , 1947 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗਵਾਸੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਲਾਲ ਕਿਲ੍ਹੇ ਤੇ ਝੰਡਾ ਲਹਿਰਾਇਆ । 15 ਅਗਸਤ ਦਾ ਦਿਨ ਦੇਸ਼ ਭਰ ਵਿਚ ਹਰ ਸਾਲ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ । ਮੁੱਖ ਸਮਾਰੋਹ ਦਿੱਲੀ ਦੇ ਲਾਲ ਕਿਲ੍ਹੇ ਵਿਚ ਹੁੰਦਾ ਹੈ । ਪ੍ਰਧਾਨ ਮੰਤਰੀ ਇੱਥੇ ਕੋਮੀ ਝੰਡਾ ਲਹਿਰਾਉਂਦੇ ਹਨ ਅਤੇ ਤਿੰਨੇ ਸੈਨਾਵਾਂ ਦੀਆਂ ਟੁਕੜੀਆਂ ਤੋਂ ਸਲਾਮੀ ਲੈਂਦੇ ਹਨ । ਇਸ ਦੇ ਬਾਅਦ ਉਹ ਰਾਸ਼ਟਰ ਦੇ ਨਾਂ ਸੰਦੇਸ਼ ਦਿੰਦੇ ਹਨ ਜਿਸ ਵਿਚ ਦੇਸ਼ ਅਤੇ ਵਿਦੇਸ਼ ਦੀਆਂ ਸਮੱਸਿਆਵਾਂ ਦਾ ਹੱਲ ਰਹਿੰਦਾ ਹੈ । ਇਸ ਸਮਾਰੋਹ ਵਿਚ ਦੇਸ਼ - ਵਿਦੇਸ਼ ਤੋਂ ਅਨੇਕਾਂ

ਮਹਿਮਾਣ , ਸੰਸਦ ਦੇ ਮੈਂਬਰ , ਮੰਤਰੀ ਮੰਡਲ ਦੇ ਮੈਂਬਰ ਅਤੇ ਲੱਖਾਂ ਲੋਕ ਹਿੱਸਾ ਲੈਂਦੇ ਹਨ । ਇਹ ਸਮਾਰੋਹ ਪ੍ਰਧਾਨ ਮੰਤਰੀ ਦੇ ਸੰਦੇਸ਼ ਦੇ ਬਾਅਦ ਰਾਸ਼ਟਰੀ ਗੀਤ ਨਾਲ ਖਤਮ ਹੋ ਜਾਂਦਾ ਹੈ । ਸ਼ਾਮ ਭਰ ਵਿਚ ਸ਼ਹਿਰ - ਸ਼ਹਿਰ ਅਤੇ ਪਿੰਡ ਪਿੰਡ ਵਿਚ ਇਹ ਸਮਾਰੋਹ ਬੜੀ ਖੁਸ਼ੀ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ । ਕੌਮੀ ਝੰਡੇ ਲਹਿਰਾਏ ਜਾਂਦੇ ਹਨ । ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਂਦੀਆਂ ਹਨ ਅਤੇ ਅਜ਼ਾਦੀ ਸੁਰੱਖਿਅਤ ਬਣਾਈ ਰੱਖਣ ਦੀ ਪ੍ਰਤਿਗਿਆ ਕੀਤੀ ਜਾਂਦੀ ਹੈ । ਅਨੇਕਾਂ ਸਥਾਨਾਂ ਤੇ ਕਲਚਰ ਸਮਾਰੋਹ ਵੀ ਕੀਤੇ ਜਾਂਦੇ ਹਨ । ਬੱਚਿਆਂ ਦੀਆਂ ਖੇਡਾਂ ਹੁੰਦੀਆਂ ਹਨ ਅਤੇ ਮਿਠਾਈਆਂ ਵੰਡੀਆਂ ਜਾਂਦੀਆਂ ਹਨ । ਸ਼ਾਮ ਨੂੰ ਰੌਸ਼ਨੀ ਕੀਤੀ ਜਾਂਦੀ ਹੈ ਅਤੇ ਕਵੀ ਦਰਬਾਰ ਹੁੰਦੇ ਹਨ । ਰਾਜਧਾਨੀ ਦੇ ਇਲਾਵਾ ਪ੍ਰਾਂਤਾਂ ਦੀਆਂ ਰਾਜਧਾਨੀਆਂ ਵਿਚ ਵੀ ਇਸ ਮੌਕੇ ਤੇ ਵਿਸ਼ੇਸ਼

ਰੌਣਕ ਹੁੰਦੀ ਹੈ । ਸਰਕਾਰੀ ਸਮਾਰੋਹ ਹੁੰਦੇ ਹਨ ਅਤੇ ਇਕੱਠੇ ਖਾਣਿਆਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ । ਵਿਦੇਸ਼ਾਂ ਵਿਚ ਵੀ ਇਹ ਸਮਾਰੋਹ ਮਨਾਇਆ ਜਾਂਦਾ ਹੈ । ਅਸੀਂ ਸਾਰੇ ਸੁਤੰਤਰ ਦੇਸ਼ ਦੇ ਨਾਗਰਿਕ ਹਾਂ । ਆਜ਼ਾਦੀ ਸਾਨੂੰ ਬੜੇ ਸੰਘਰਸ਼ਾਂ ਤੋਂ ਬਾਅਦ ਮਿਲੀ ਹੈ । ਇਸ ਦੇ ਲਈ ਅਸੀਂ ਭਾਰੀ ਬਲੀਦਾਨ ਦਿੱਤੇ ਹਨ । ਸਾਨੂੰ ਚਾਹੀਦਾ ਹੈ ਕਿ ਅਸੀਂ ਇਹਨਾਂ ਸਾਰੇ ਬਲੀਦਾਨਾਂ ਨੂੰ ਯਾਦ ਕਰਦੇ ਹੋਏ ਸੁਤੰਤਰਤਾ ਦਾ ਮੁੱਲ ਸਮਝੀਏ। 15 ਅਗਸਤ ਦੇ ਸ਼ੁਭ ਦਿਨ ਸਾਨੂੰ ਇਹ ਪ੍ਰਤਿਗਿਆ ਕਰਨੀ ਚਾਹੀਦੀ ਹੈ ਕਿ ਅਸੀਂ ਛੋਟੀਆਂ - ਛੋਟੀਆਂ ਗੱਲਾਂ ਨੂੰ ਦੇਸ਼ ਦੀ ਏਕਤਾ ਦੇ ਲਈ ਜ਼ਰੂਰ ਤਿਆਗ ਦੇਈਏ ਤਾਂ ਹੀ ਸਾਡੀ ਸੁਤੰਤਰਤਾ ਸਾਨੂੰ ਪੂਰਾ ਸੁੱਖ ਦੇ ਸਕੇਗੀ ਅਤੇ ਸਾਡਾ ਸਿਰ ਸੰਸਾਰ ਵਿਚ ਉੱਚਾ ਹੋ ਸਕੇਗਾ ।

ਤਿਆਰ ਕਰਤਾ:- ਵਤਨ ਸਿੰਘ ਸੰਧੂ ਪੰਜਾਬੀ ਮਾਸਟਰ
ਮੋਬਾਇਲ ਨੰਬਰ:-📞📞98555-39200